EMPLOYMENT ONTARIO
Ontario's employment & training network

Ontario

**ਵੈੱਬ ’ਤੇ ਪਾਉਂਣ ਲਈ ਪੁਨਰ-ਨਿਰੀਖਣ**

**ਵਿੱਤੀ ਸਹਾਇਤਾਵਾਂ**

**ਲੋਨਜ਼ ਫਾਰ ਟੂਲਜ਼:**

ਲੋਨਜ਼ ਫਾਰ ਟੂਲਜ਼ (Loans for Tools) ਦਾ ਪ੍ਰੋਗਰਾਮ ਨਵੇਂ ਅਪਰੈਂਟਿਸਾਂ ਨੂੰ ਸੰਦ ਅਤੇ ਸਾਜ਼-ਸਮਾਨ ਖਰੀਦਣ ’ਚ ਮਦਦ ਕਰਨ ਲਈ ਕਰਜ਼ੇ ਦਿੰਦਾ ਹੈ, ਜਿਹੜੇ ਜਿਸ ਟਰੇਡ ’ਚ ਉਹ ਰਜਿਸਟਰ ਹੋਏ ਹੁੰਦੇ ਹਨ ਉਸ ਨੂੰ ਪੂਰਿਆਂ ਕਰਨ ਲਈ ਲੋੜੀਂਦੇ ਹੁੰਦੇ ਹਨ।

ਪ੍ਰੋਗਰਾਮ ਮੰਨਦਾ ਹੈ ਕਿ ਟਰੇਡ ਸੈਕਟਰ, ਜਿਸ ’ਚ ਅਪਰੈਂਟਿਸ ਰਜਿਸਟਰ ਹੋਇਆ ਹੁੰਦਾ ਹੈ, ਅਨੁਸਾਰ ਸੰਦਾਂ ਅਤੇ ਸਾਜ਼ ਸਮਾਨ ਦਾ ਖਰਚਾ ਵੱਖਰਾ ਵੱਖਰਾ ਹੁੰਦਾ ਹੈ।

ਹਰੇਕ ਸੈਕਟਰ ’ਚ ਮਿਲਣ ਵਾਲਾ ਵੱਧ ਤੋਂ ਵੱਧ ਕਰਜ਼ਾ ਹੇਠ ਲਿਖੇ ਅਨੁਸਾਰ ਹੈ:
ਸਰਵਿਸ ਸੈਕਟਰ -300 ਡਾਲਰ
ਕੰਸਟ੍ਰਕਸ਼ਨ ਸੈਕਟਰ - 400 ਡਾਲਰ
ਇੰਡਸਟਰੀਅਲ/ਮੈਨੂਫੈਕਚਰਿੰਗ ਸੈਕਟਰ - 400 ਡਾਲਰ
ਮੋਟਿਵ ਪਾਵਰ ਸੈਕਟਰ - 800 ਡਾਲਰ

ਕਰਜ਼ਾ ਅਪਰੈਂਟਿਸ ਦੀ ਟਰੇਨਿੰਗ ਦੀ ਮਿਆਦ ਦੌਰਾਨ ਅਤੇ ਟਰੇਨਿੰਗ ਪੂਰੀ ਕਰਨ ਤੋਂ ਬਾਦ ਇਕ ਸਾਲ ਲਈ ਵਿਆਜ਼ ਰਹਿਤ ਹੈ। ਇਕ ਸਾਲ ਦੇ ਸਮੇਂ ਤੋਂ ਬਾਦ ਪ੍ਰਾਈਮ ਜਮਾਂ 1.5 ਪ੍ਰਤਿਸ਼ਤ ਦੀ ਦਰ ਨਾਲ ਵਿਆਜ਼ ਲਗਾਇਆ ਜਾਂਦਾ ਹੈ। ਜੇਕਰ ਕੋਈ ਅਪਰੈਂਟਿਸ ਛੱਡ ਜਾਂਦਾ ਹੈ ਜਾਂ ਕਿਸੇ ਅਪਰੈਂਟਿਸ ਦੀ ਰਜਿਸਟਰੇਸ਼ਨ ਕੈਂਸਲ ਹੋ ਜਾਂਦੀ ਹੈ ਤਾਂ ਕੈਂਸਲ ਹੋਣ ਦੀ ਤਰੀਕ ਤੋਂ ਲੈ ਕੇ 60 ਦਿਨਾਂ ਦੇ ਅੰਦਰ ਅੰਦਰ ਕਰਜ਼ਾ ਓਨਟੈਰੀਉ ਸਰਕਾਰ ਨੂੰ ਵਾਪਸ ਮੋੜਨਾਂ ਪੈਂਦਾ ਹੈ। 60 ਦਿਨਾਂ ਤੋਂ ਬਾਦ ਪ੍ਰਾਈਮ ਜਮਾਂ 1.5 ਪ੍ਰਤਿਸ਼ਤ ਦੀ ਦਰ ਨਾਲ ਵਿਆਜ਼ ਲਗਾਇਆ ਜਾਂਦਾ ਹੈ।

**ਸ਼ਾਮਲ ਕੌਣ ਹੋ ਸਕਦਾ ਹੈ?**

ਸੰਦਾਂ ਲਈ ਕਰਜ਼ੇ ਨਵੇਂ ਰਜਿਸਟਰ ਹੋਏ ਅਪਰੈਂਟਿਸਾਂ ਲਈ ਉਪਲਬਧ ਹਨ।

**ਮੈਂ ਲੋਨਜ਼ ਫਾਰ ਟੂਲਜ਼ ਦੇ ਪ੍ਰੋਗਰਾਮ ਤੱਕ ਪਹੁੰਚ ਕਿਵੇਂ ਕਰ ਸਕਦਾ/ਸਕਦੀ ਹਾਂ?**

ਕਰਜ਼ੇ ਲਈ ਅਰਜ਼ੀ ਦੇਣ ਵਾਸਤੇ ਅਪਰੈਂਟਿਸ ਨੂੰ ਕਰਜ਼ੇ ਦਾ ਐਗਰੀਮੈਂਟ ਪੂਰਾ ਭਰਨਾ ਪਵੇਗਾ ਜਿਹੜਾ ਨਵੇਂ ਰਜਿਸਟਰ ਹੋਏ ਹਰੇਕ ਅਪਰੈਂਟਿਸ ਨੂੰ ਆਪਣੇ ਆਪ ਭੇਜੇ ਜਾਂਦੇ ਜਾਣਕਾਰੀ ਦੇ ਪੈਕੇਜ ’ਚ ਸ਼ਾਮਲ ਹੁੰਦਾ ਹੈ, ਅਤੇ ਫਿਰ ਇਹ ਨਾਲ ਭੇਜੇ ਗਏ ਵਾਪਸੀ ਲਿਫਾਫੇ ’ਚ ਪਾ ਕੇ ਮਿਨਿਸਟਰੀ ਆਫ ਟਰੇਨਿੰਗ, ਕਾਲਜਜ਼ ਐਂਡ ਯੂਨੀਵਰਸਿਟੀਜ਼ (Ministry of Training, Colleges and Universities) ਨੂੰ ਭੇਜਣਾ ਪਵੇਗਾ।

ਦਸਤਖਤ ਕੀਤੇ ਕਰਜ਼ੇ ਦੇ ਐਗਰੀਮੈਂਟ ਨੂੰ ਪ੍ਰਾਪਤ ਹੋਣ ਤੋਂ ਬਾਅਦ ਮਿਨਿਸਟਰੀ 60 ਦਿਨਾਂ ਦੇ ਅੰਦਰ ਅੰਦਰ ਜਵਾਬ ਦੇਵੇਗੀ।

***ਵਧੇਰੇ ਜਾਣਕਾਰੀ ਲਈ:***

ਸੰਪਰਕ ਕਰੋ: ਓਨਟੈਰੀਓ ਮਿਨਿਸਟਰੀ ਆਫ ਟਰੇਨਿੰਗ, ਕਾਲਜਜ਼ ਐਂਡ ਯੂਨੀਵਰਸਿਟੀਜ਼ ਲੋਨਜ਼ ਫਾਰ ਟੂਲਜ਼ ਪ੍ਰੋਗਰਾਮ (Ontario Ministry of Training, Colleges and Universities Loans for Tools Program) ਟਾਲ ਫਰੀ 1-800-313-1746.

1-800-387-5656
(416) 326-5656 (ਟੋਰਾਂਟੋ)

www.ontario.ca/employmentontario

ISBN 1-4249-2453-7